ਤੁਹਾਡੀ ਪਰੀਖਿਆ
2017

ਤੁਹਾਨੂੰ ਕੀ ਜਾਣਨ ਦੀ ਲੋੜ ਹੈ

SQA

ਇਹ ਪੁਸਤਿਕਾ ਤੁਹਾਨੂੰ ਉਹ ਦੱਸਦੀ ਹੈ ਜੋ ਤੁਹਾਨੂੰ ਆਪਣੀ ਪਰੀਖਿਆ ਬਾਰੇ ਜਾਣਨ ਦੀ ਲੋੜ ਹੈ। ਇਸ ਵਿੱਚ ਜ਼ਰੂਰੀ ਜਾਣਕਾਰੀ ਸ਼ਾਮਲ ਹੈ ਜੋ ਕਿ ਤੁਹਾਨੂੰ ਪਰੀਖਿਆ ਦੇ ਸਮੇਂ ਤੋਂ ਪਹਿਲਾਂ ਤਿਆਰੀ ਲਈ ਜ਼ਰੂਰ ਪੜ੍ਹਨੀ ਚਾਹੀਦੀ ਹੈ, ਭਾਵੇਂ ਹੀ ਤੁਸੀਂ ਪਰੀਖਿਆਵਾਂ ਵਿੱਚ ਪਹਿਲਾਂ ਹੀ ਬੈਠ ਚੁੱਕੇ ਹੋਵੋ।

ਤਿਆਰੀ ਕਰਨਾ ਯਾਦ ਰੱਖੋ, ਸ਼ਾਂਤ ਰਹੋ ਅਤੇ ਆਪਣੇ ਵੱਲੋਂ ਬਿਹਤਰੀਨ ਕਰੋ।

ਜੇਕਰ ਇਸ ਪੁਸਤਿਕਾ ਵਿੱਚ ਤੁਹਾਡੇ ਕਿਸੇ ਵੀ ਚੀਜ਼ ਬਾਰੇ ਕੋਈ ਸਵਾਲ ਹਨ, ਤਾਂ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰੋ। ਤੁਹਾਨੂੰ www.sqa.org.uk/learners ‘ਤੇ ਵੀ ਹੋਰ ਵਧੇਰੀ ਲਾਭਦਾਇਕ ਜਾਣਕਾਰੀ ਪ੍ਰਾਪਤ ਹੋਵੇਗੀ।

# ਆਪਣੀ ਪਰੀਖਿਆ ਦੀ ਤਿਆਰੀ ਕਰਨਾ

## ਸਮਾਂ ਸਾਰਨੀ

ਅਧਿਕਾਰਕ ਪਰੀਖਿਆ ਸਮਾਂ ਸਾਰਨੀ www.sqa.org.uk/timetable 'ਤੇ ਉਪਲਬਧ ਹੈ। ਇੱਥੇ, ਤੁਸੀਂ ਆਨਲਾਈਨ ਸਮਾਂ ਸਾਰਨੀ ਨਿਰਮਾਤਾ ਦੀ ਵਰਤੋਂ ਕਰਦੇ ਹੋਏ ਤੁਸੀਂ ਆਪਣੀ ਨਿੱਜੀ ਪਰੀਖਿਆ ਸਮਾਂ ਸਾਰਨੀ ਵੀ ਬਣਾ ਸਕਦੇ ਹੋ।

ਸਕੂਲਾਂ ਅਤੇ ਕਾਲਜਾਂ ਨੂੰ ਪਰੀਖਿਆਵਾਂ ਦੇ ਸ਼ੁਰੂ ਹੋਣ ਦੇ ਸਮੇਂ ਨੂੰ ਥੋੜ੍ਹਾ ਜਿਹਾ ਬਦਲਨ ਦੀ ਇਜਾਜ਼ਤ ਹੈ, ਇਸ ਲਈ ਤੁਹਾਨੂੰ ਆਪਣੀਆਂ ਪਰੀਖਿਆਵਾਂ ਦੇ ਸਮਿਆਂ ਦੀ ਆਪਣੇ ਅਧਿਆਪਕਾਂ ਅਤੇ ਲੈਕਚਰਾਰਾਂ ਨਾਲ ਦੂਹਰੀ-ਜਾਂਚ ਕਰਨੀ ਚਾਹੀਦੀ ਹੈ।

ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੈ ਕਿ ਤੁਸੀਂ ਕਿਨ੍ਹਾਂ ਪਰੀਖਿਆਵਾਂ ਵਿੱਚ ਬੈਠ ਰਹੇ ਹੋ, ਇਹ ਕਦੋਂ ਹਨ, ਅਤੇ ਇਹ ਕਿੱਥੇ ਹੋਣ ਜਾ ਰਹੀਆਂ ਹਨ।

## SQA ਐਪਾਂ

ਇਸ ਸਮੇਂ ਤੁਹਾਨੂੰ ਸਹਾਰਾ ਦੇਣ ਲਈ ਮੁਫ਼ਤ ਐਪਾਂ ਹਨ।

MyExams ਐਪ ਤੁਹਾਨੂੰ ਆਪਣੀ ਨਿੱਜੀ ਸਮਾਂ ਸਾਰਨੀ ਨੂੰ ਬਣਾਉਣ ਅਤੇ ਦੇਖਣ ਦਾ, ਇਸ ਨੂੰ ਹੋਰ ਨਿਯਮਾਵਲੀਆਂ ਵਿੱਚ ਸਮਿਲਿਤ ਕਰਨ ਦਾ, ਇਸ ਨੂੰ ਕਿਸੇ ਮਿੱਤਰ ਨੂੰ ਈ-ਮੇਲ ਕਰਨ ਦਾ, ਅਤੇ ਤੁਹਾਡੇ ਪਰੀਖਿਆ ਦਾਖ਼ਲਿਆਂ ਵਿੱਚ ਟਿੱਪਣੀਆਂ ਨੂੰ ਸਮਿਲਿਤ ਕਰਨ ਦਿੰਦੀ ਹੈ।

MyStudyPlan ਐਪ ਪੜ੍ਹਾਈ ਦੀ ਯੋਜਨਾ ਨੂੰ ਬਣਾਉਣ ਲਈ ਤੁਹਾਡੀ ਪਰੀਖਿਆ ਦੀ ਸਮਾਂ-ਸੂਚੀ ਅਤੇ ਉਪਲਬਧਤਾ ਦੀ ਵਰਤੋਂ ਕਰਦੀ ਹੈ।

www.sqa.org.uk/studyplan 'ਤੇ ਦੋਨੋਂ ਐਪਾਂ ਬਾਰੇ ਹੋਰ ਜਾਣੋ।

## ਪਿਛਲੇ ਪੇਪਰ

ਪਿਛਲੇ ਸਾਲਾਂ ਦੇ ਅਸਲ ਪਰੀਖਿਆ ਪ੍ਰਸ਼ਨਾਂ ਦਾ ਅਭਿਆਸ ਕਰਨਾ ਆਪਣੀਆਂ ਪਰੀਖਿਆਵਾਂ ਲਈ ਤਿਆਰੀ ਕਰਨ ਦਾ ਉੱਤਮ ਢੰਗ ਹੈ। ਤੁਸੀਂ ਇਹਨਾਂ ਨੂੰ, www.sqa.org.uk/pastpaperinfo ਤੋਂ, ਅੰਕਣ ਨਿਰਦੇਸ਼ਾਂ ਦੇ ਸਮੇਤ ਡਾਊਨਲੋਡ ਕਰ ਸਕਦੇ ਹੋ।

## ਸਾਜ਼ੋ-ਸਮਾਨ

ਯਕੀਨੀ ਬਣਾਓ ਕਿ ਤੁਹਾਨੂੰ ਪਤਾ ਹੈ ਕਿ ਤੁਹਾਨੂੰ ਕਿਹੜੇ ਸਾਜ਼ੋ-ਸਮਾਨ ਨੂੰ ਵਰਤਨ ਦੀ ਇਜਾਜ਼ਤ ਹੈ ਅਤੇ ਤੁਹਾਨੂੰ ਕੀ ਲਿਆਉਣ ਦੀ ਲੋੜ ਹੈ, ਜਿਵੇਂ ਕਿ ਪੈੱਨ ਅਤੇ ਕੈਲਕੁਲੇਟਰ। ਤੁਹਾਡੇ ਅਧਿਆਪਕ ਅਤੇ ਲੈਕਚਰਾਰ ਤੁਹਾਨੂੰ ਦੱਸਣ ਦੇ ਯੋਗ ਹੋਣਗੇ।

ਤੁਹਾਨੂੰ ਪਰੀਖਿਆ ਦੇ ਦੌਰਾਨ ਆਪਣਾ ਕੋਈ ਵੀ ਸਾਜ਼ੋ-ਸਮਾਨ ਸਾਂਝਾ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਕਿਸੇ ਹੋਰ ਪਰੀਖਿਆਰਥੀ ਦਾ ਸਾਜ਼ੋ-ਸਮਾਨ ਵਰਤਣਾ ਚਾਹੀਦਾ ਹੈ।

**ਤੁਹਾਡਾ ਸਕਾੱਟਿਸ਼ ਪਰੀਖਿਆਰਥੀ ਨੰਬਰ**

ਤੁਹਾਡਾ ਸਕਾੱਟਿਸ਼ ਪਰੀਖਿਆਰਥੀ ਨੰਬਰ (SCN) ਤੁਹਾਡਾ ਨਿੱਜੀ SQA ਪਛਾਣ ਨੰਬਰ ਹੈ। ਸਾਡੀਆਂ ਪ੍ਰਣਾਲੀਆਂ ਤੁਹਾਡੀਆਂ ਸਾਰੀਆਂ ਪ੍ਰਾਪਤੀਆਂ ਨੂੰ ਰਿਕਾਰਡ ਕਰਨ ਅਤੇ ਖੋਜਣ ਲਈ ਤੁਹਾਡੇ SCN ਦੀ ਵਰਤੋਂ ਕਰਦੀ ਹੈ। ਇਹ ਯਕੀਨੀ ਬਣਾਉਂਦੇ ਹਨ ਕਿ ਤੁਹਾਡਾ ਪ੍ਰਮਾਣ-ਪੱਤਰ ਨਵੀਨ ਹੈ।

ਤੁਹਾਡਾ ਸਕੂਲ ਜਾਂ ਕਾਲਜ ਤੁਹਾਨੂੰ ਦੱਸਣ ਦੇ ਯੋਗ ਹੋਵੇਗਾ ਕਿ ਤੁਹਾਡਾ SCN ਕੀ ਹੈ। ਯਕੀਨੀ ਬਣਾਓ ਤੁਹਾਨੂੰ ਇਹ ਆਪਣੀਆਂ ਪਰੀਖਿਆਵਾਂ ਤੋਂ ਪਹਿਲਾਂ ਪਤਾ ਹੋਵੇ। ਤੁਹਾਨੂੰ ਇਸ ਨੂੰ ਆਪਣੀ ਪਰੀਖਿਆ ਉੱਤਰ ਪੁਸਤਕਾਵਾਂ ਤੇ ਸਹੀ ਅਤੇ ਸਪਸ਼ਟ ਲਿਖਣ ਦੀ ਲੋੜ ਹੋਵੇਗੀ।

ਤੁਸੀਂ ਆਪਣੇ ਵੇਰਵਿਆਂ ਨੂੰ ਰਿਕਾਰਡ ਕਰਨ ਲਈ SCN ਕਾਰਡ ਦੀ ਵਰਤੋਂ ਕਰ ਸਕਦੇ ਹੋ। ਤੁਹਾਨੂੰ ਕਾਰਡ ਨੂੰ ਪਰੀਖਿਆ ਕਮਰੇ ਵਿੱਚ ਲੈ ਕੇ ਜਾਣ ਦੀ ਇਜਾਜ਼ਤ ਹੈ, ਪਰ ਤੁਹਾਨੂੰ ਇਸ ਉੱਤੇ ਲਾਜ਼ਮੀ ਤੌਰ ’ਤੇ ਕੁਝ ਹੋਰ ਨਹੀਂ ਲਿਖਣਾ ਚਾਹੀਦਾ। ਕਾਰਡ ਉੱਪਰ ਕੋਈ ਵੀ ਅਣਅਧਿਕਾਰਤ ਜਾਣਕਾਰੀ ਪ੍ਰਾਪਤ ਹੋਣ ਦੇ ਨਾਲ ਪਰੀਖਿਆ ਵਿੱਚ ਤੁਹਾਡਾ ਦਾਖ਼ਲਾ ਰੱਦ ਹੋ ਸਕਦਾ ਹੈ।

**ਤੁਹਾਡੇ ਨਾਮ ਅਤੇ ਪਤੇ ਦਾ ਵੇਰਵਾ**

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਨਤੀਜੇ ਵਾਲੇ ਦਿਨ ਆਪਣਾ ਪ੍ਰਮਾਣ-ਪੱਤਰ ਪ੍ਰਾਪਤ ਕਰਦੇ ਹੋ, ਯਕੀਨੀ ਬਣਾਓ ਕਿ ਤੁਹਾਡੇ ਸਕੂਲ ਜਾਂ ਕਾਲਜ ਕੋਲ ਤੁਹਾਡੇ ਸਹੀ ਵੇਰਵੇ ਹਨ – ਤੁਹਾਡੇ ਸਹੀ ਨਾਮ ਅਤੇ ਪਤੇ ਦੇ ਸਮੇਤ।

ਜੇਕਰ ਤੁਹਾਡੇ ਕੋਈ ਵੀ ਨਿੱਜੀ ਵੇਰਵੇ ਬਦਲਦੇ ਹਨ, ਤਾਂ ਤੁਹਾਨੂੰ ਗਰਮੀਆਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਪਹਿਲਾਂ ਆਪਣੇ ਸਕੂਲ ਜਾਂ ਕਾਲਜ ਨੂੰ ਲਾਜ਼ਮੀ ਤੌਰ ’ਤੇ ਦੱਸਣਾ ਚਾਹੀਦਾ ਹੈ। ਉਹ ਸਾਡੇ ਵੱਲੋਂ ਤੁਹਾਡਾ ਪ੍ਰਮਾਣ-ਪੱਤਰ ਪ੍ਰਿੰਟ ਕੀਤੇ ਜਾਣ ਤੋਂ ਪਹਿਲਾਂ, ਸਿਸਟਮ ‘ਤੇ ਤੁਹਾਡੇ ਵੇਰਵਿਆਂ ਦਾ ਨਵੀਨੀਕਰਣ ਕਰਨ ਦੇ ਯੋਗ ਹੋ ਜਾਣਗੇ।

- **MySQA**

ਤੁਸੀਂ ਆਪਣੇ MySQA ਅਕਾਊਂਟ ਵਿੱਚ ਲੌਗ ਇਨ ਕਰਕੇ ਆਪਣੇ ਨਿੱਜੀ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਪਹਿਲਾਂ ਕੋਈ ਅਕਾਊਂਟ ਨਹੀਂ ਹੈ, ਤੁਸੀਂ www.mysqa.org.uk ‘ਤੇ ਇਸ ਲਈ ਸਾਈਨ ਅੱਪ ਕਰ ਸਕਦੇ ਹੋ।

ਯਕੀਨੀ ਬਣਾਓ ਕਿ ਤੁਹਾਡਾ ਨਾਮ ਉਵੇਂ ਹੀ ਲਿਖਿਆ ਹੁੰਦਾ ਹੈ ਜਿਵੇਂ ਤੁਸੀਂ ਇਸ ਨੂੰ ਆਪਣੇ ਪ੍ਰਮਾਣ-ਪੱਤਰ ਤੇ ਦੇਖਣਾ ਚਾਹੁੰਦੇ ਹੋ ਅਤੇ ਪਤਾ ਉਹ ਹੀ ਹੈ ਜਿੱਥੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਪ੍ਰਮਾਣ-ਪੱਤਰ ਭੇਜਿਆ ਜਾਵੇ।

- **ਡਾਟਾ ਸੁਰੱਖਿਆ**

ਡਾਟਾ ਸੁਰੱਖਿਆ ਐਕਟ 1998 ਨਿੱਜੀ ਜਾਣਕਾਰੀ ਦੀ ਸੁਰੱਖਿਆ ਕਰਦਾ ਹੈ ਜੋ SQA ਤੁਹਾਡੇ ਬਾਰੇ ਰੱਖਦੀ ਹੈ, ਜਿਵੇਂ ਕਿ ਤੁਹਾਡੇ ਸੰਪਰਕ ਵੇਰਵੇ ਅਤੇ ਨਤੀਜੇ। ਆਪਣੀ ਨਿੱਜੀ ਜਾਣਕਾਰੀ ਦੀ ਆਪਣੇ ਸਕੂਲ ਜਾਂ ਕਾਲਜ ਨਾਲ ਚਰਚਾ ਕਰਨਾ ਸਭ ਤੋਂ ਵਧੀਆ ਹੈ। ਜੇਕਰ ਤੁਸੀਂ SQA ਨਾਲ ਸੰਪਰਕ ਕਰਨਾ ਚੁਣਦੇ ਹੋ, ਅਸੀਂ ਤੁਹਾਡੇ ਨਾਲ ਕੋਈ ਵੀ ਨਿੱਜੀ ਜਾਣਕਾਰੀ ਦੀ ਚਰਚਾ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੀ ਪਛਾਣ ਦੀ ਪੁਸ਼ਟੀ ਕਰਨ ਲਈ ਪੁੱਛਾਂਗੇ। ਸਾਨੂੰ ਤੁਹਾਡੀ ਨਿੱਜੀ ਜਾਣਕਾਰੀ ਬਾਰੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਦੇ ਸਮੇਤ, ਕਿਸੇ ਹੋਰ ਨਾਲ, ਚਰਚਾ ਕਰਨ ਲਈ ਵੀ ਤੁਹਾਡੀ ਰਜ਼ਾਮੰਦੀ ਦੀ ਲੋੜ ਹੋਵੇਗੀ।

ਡਾਟਾ ਸੁਰੱਖਿਆ ਬਾਰੇ ਹੋਰ ਜਾਣਕਾਰੀ www.sqa.org.uk/accesstoinformation ‘ਤੇ ਉਪਲਬਧ ਹੈ

## ਪਰੀਖਿਆ ਪ੍ਰਬੰਧ

ਜੇਕਰ ਤੁਹਾਨੂੰ ਆਪਣੀ ਕਿਸੇ ਵੀ ਪਰੀਖਿਆ ਲਈ ਵਾਧੂ ਸਹਾਰੇ ਜਾਂ ਖ਼ਾਸ ਪ੍ਰਬੰਧਾਂ ਦੀ ਲੋੜ ਹੈ, ਤਾਂ ਤੁਹਾਨੂੰ ਇਸ ਦੀ ਚਰਚਾ ਆਪਣੇ ਸਕੂਲ ਜਾਂ ਕਾਲਜ ਨਾਲ ਕਰਨੀ ਚਾਹੀਦੀ ਹੈ।

## ਪਰੀਖਿਆ ਵਾਲੇ ਦਿਨ

### ਆਪਣੀ ਪਰੀਖਿਆ ਲਈ ਪਹੁੰਚਣਾ

ਤੁਹਾਨੂੰ ਪਰੀਖਿਆ ਦੇ ਸ਼ੁਰੂ ਹੋਣ ਤੋਂ 10 ਮਿੰਟ ਪਹਿਲਾਂ ਪਰੀਖਿਆ ਕਮਰੇ ਦੇ ਬਾਹਰ ਤਿਆਰ ਰਹਿਣਾ ਚਾਹੀਦਾ ਹੈ। ਜੇਕਰ ਤੁਸੀਂ ਦੇਰੀ ਨਾਲ ਆਏ ਹੋ, ਤਾਂ ਤੁਹਾਨੂੰ SQA ਪਰੀਖਿਆਵਾਂ ਦੀ ਜ਼ੁੰਮੇਵਾਰੀ ਲੈ ਰਹੇ ਅਧਿਆਪਕ ਜਾਂ ਲੈਕਚਰਾਰ ਨੂੰ ਲਾਜ਼ਮੀ ਤੌਰ ’ਤੇ ਸੂਚਿਤ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਕੀ  ਤੁਸੀਂ ਪਰੀਖਿਆ ਵਿੱਚ ਬੈਠ ਸਕਦੇ ਹੋ।

ਜੇਕਰ ਤੁਸੀਂ ਪਰੀਖਿਆ ਵਿੱਚ ਬਿਮਾਰੀ ਜਾਂ ਕਿਸੇ ਹੋਰ ਕਾਰਨ ਕਰਕੇ ਨਹੀਂ ਬੈਠ ਰਹੇ, ਤਾਂ ਤੁਹਾਨੂੰ ਲਾਜ਼ਮੀ ਤੌਰ ’ਤੇ SQA ਪਰੀਖਿਆਵਾਂ ਦੀ ਜ਼ੁੰਮੇਵਾਰੀ ਲੈ ਰਹੇ ਅਧਿਆਪਕ ਜਾਂ ਲੈਕਚਰਾਰ ਨੂੰ ਇਸ ਬਾਰੇ ਜਿੰਨੀ ਜਲਦੀ ਹੋ ਸਕੇ, ਸੂਚਿਤ ਕਰਨਾ ਚਾਹੀਦਾ ਹੈ।

### ਡੈਸਕ

ਬਹੁਤੇ ਸਕੂਲਾਂ ਜਾਂ ਕਾਲਜਾਂ ਵਿੱਚ, ਤੁਹਾਨੂੰ ਹਰੇਕ ਪਰੀਖਿਆ ਲਈ ਇੱਕ ਡੈਸਕ ਜਾਂ ਸੀਟ ਨੰਬਰ ਦਿੱਤਾ ਜਾਵੇਗਾ। ਯਕੀਨੀ ਬਣਾਓ ਕਿ ਤੁਹਾਨੂੰ ਇਹ ਨੰਬਰ ਪਰੀਖਿਆ ਤੋਂ ਪਹਿਲਾਂ ਪਤਾ ਹੁੰਦਾ ਹੈ।

### ਨਿਰੀਖਕ (Invigilators)

ਉਹ ਲੋਕ ਜੋ ਤੁਹਾਡੀਆਂ ਪਰੀਖਿਆਵਾਂ ਦੀ ਨਿਗਰਾਨੀ ਕਰਦੇ ਹਨ, ‘ਨਿਰੀਖਕ’ ਕਹਾਉਂਦੇ ਹੈ। ਉਹਨਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਤੁਹਾਡੀਆਂ ਪਰੀਖਿਆਵਾਂ ਨਿਯਮਾਂ ਦੇ ਮੁਤਾਬਕ ਹੁੰਦੀਆਂ ਹਨ ਅਤੇ ਨਿਯਮਾਂ ਨੂੰ ਨਿਰਪੱਖਤਾ ਨਾਲ ਲਾਗੂ ਕੀਤਾ ਜਾਂਦਾ ਹੈ। ਤੁਹਾਨੂੰ ਨਿਰੀਖਕ ਵੱਲੋਂ ਦਿੱਤੀਆਂ ਗਈਆਂ ਕਿਸੇ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਜੇਕਰ ਪਰੀਖਿਆ ਦੇ ਦੌਰਾਨ, ਤੁਹਾਡੇ ਨਾਲ ਕੁਝ ਵੀ ਅਕਲਪਿਤ ਵਾਪਰਦਾ ਹੈ, ਜਿਵੇਂ ਕਿ ਬਿਮਾਰ ਮਹਿਸੂਸ ਕਰਨਾ, ਤੁਹਾਨੂੰ ਤੁਰੰਤ ਨਿਰੀਖਕ ਨੂੰ ਸੂਚਿਤ ਕਰਨਾ ਚਾਹੀਦਾ ਹੈ।

## ਪਰੀਖਿਆ ਕਮਰੇ ਵਿੱਚ

### ਨਿਯਮ

ਤੁਹਾਡੇ ਕੋਲ ਪਰੀਖਿਆ ਦੇ ਦੌਰਾਨ ਲਾਜ਼ਮੀ ਤੌਰ ’ਤੇ ਹੇਠ ਲਿਖੀਆਂ ਵਸਤਾਂ ਨਾਲ ਨਹੀਂ ਹੋਣੀਆ ਚਾਹੀਦੀਆਂ:

- ਮੋਬਾਇਲ ਫੋਨ
- ਇਲੈਕਟ੍ਰੋਨਿਕ ਉਪਕਰਣ ਜਿਵੇਂ ਕਿ MP3 ਪਲੇਅਰ, ਆਈਪੋਡ, ਟੈਬਲੇਟ ਅਤੇ ਸਮਾਰਟਵਾਚ
- ਕਿਤਾਬਾਂ, ਨੋਟਸ, ਸਕੈਚ, ਕਾਗਜ
- ਪੈਨਸਿਲ ਕੇਸ/ਕੈਲਕੁਲੇਟਰ ਕੇਸ

- ਕੈਲਕੁਲੇਟਰ - ਵਿਸ਼ੇਸ਼ ਵਿਸ਼ੇ ਤੋਂ ਇਲਾਵਾ
- ਸ਼ਬਦਕੋਸ਼ - ਵਿਸ਼ੇਸ਼ ਵਿਸ਼ੇ ਤੋਂ ਇਲਾਵਾ

ਜਦੋਂ ਖ਼ਾਸ ਵਸਤਾਂ ਦੀ ਪਰੀਖਿਆ ਵਿੱਚ ਇਜਾਜ਼ਤ ਹੁੰਦੀ ਹੈ, ਤੁਹਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਲਾਜ਼ਮੀ ਤੌਰ 'ਤੇ SQA ਦੇ ਵਿਨਿਯਮਾਂ ਨੂੰ ਪੂਰਾ ਕਰਦੀਆਂ ਹਨ। ਤੁਹਾਡੇ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਨਸੀਹਤ ਦੇਣ ਦੇ ਯੋਗ ਹੋਣਗੇ। ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਲੈਕਟ੍ਰੌਨਿਕ ਵਸਤਾਂ ਦੀ ਵਰਜਿਤ ਡੈਟੇ ਜਾਂ ਕਿਸੇ ਹੋਰ ਫੀਚਰਜ਼ ਲਈ ਪਹੁੰਚ ਨਹੀਂ ਹੈ, ਜਿੰਨ੍ਹਾਂ ਦੀ ਪਰੀਖਿਆ ਵਿੱਚ ਇਜਾਜ਼ਤ ਨਹੀਂ ਹੈ।

ਜੇਕਰ ਤੁਸੀਂ ਪਰੀਖਿਆ ਵਿੱਚ, ਜਿੱਥੇ ਸ਼ਬਦ-ਕੋਸ਼ਾਂ ਦੀ ਇਜਾਜ਼ਤ ਹੈ, ਆਪਣਾ ਸ਼ਬਦ-ਕੋਸ਼ ਵਰਤਣ ਦੀ ਯੋਜਨਾ ਬਣਾਉਂਦੇ ਹੋ, ਤਾਂ ਤੁਹਾਨੂੰ ਪਰੀਖਿਆ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਇਸ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਤੁਹਾਡਾ ਅਧਿਆਪਕ ਜਾਂ ਲੈਕਚਰਾਰ ਤੁਹਾਨੂੰ ਦੱਸ ਸਕੇਗਾ ਕਿ ਇਸ ਦੀ ਜਾਂਚ ਕਿਵੇਂ ਕਰਵਾਉਣੀ ਹੈ।

## ਤੁਹਾਡਾ ਵਿਹਾਰ

ਅਣਉਚਿਤ ਵਿਹਾਰ ਅਤੇ ਕਾਰਵਾਈਆਂ, ਜੋ ਕਿ ਪਰੀਖਿਆ ਦੇ ਦੌਰਾਨ ਵਿਘਨ ਦਾ ਕਾਰਨ ਬਣਦੀਆਂ ਹਨ, ਦੀ ਸੂਚਨਾ SQA ਨੂੰ ਦਿੱਤੀ ਜਾਵੇਗੀ ਅਤੇ ਇਸ ਦੀ ਜਾਂਚ ਕੀਤੀ ਜਾਵੇਗੀ। ਜੁਰਮਾਨਾ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਸ ਵਿੱਚ ਨੰਬਰਾਂ ਦਾ ਨੁਕਸਾਨ ਅਤੇ ਪਰੀਖਿਆ ਦਾਖ਼ਲਿਆਂ ਦਾ ਰੱਦ ਹੋਣਾ ਸ਼ਾਮਲ ਹੋ ਸਕਦਾ ਹੈ।

ਅਣਉਚਿਤ ਵਿਹਾਰ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਪਰੀਖਿਆ ਕਮਰੇ ਵਿੱਚ ਵਰਜਿਤ ਵਸਤਾਂ ਦਾ ਕੋਲ ਹੋਣਾ।
- ਆਪਣੇ ਆਪ ਨੂੰ ਕੋਈ ਹੋਰ ਹੋਣ ਦਾ ਵਿਖਾਵਾ ਕਰਨਾ ਜਾਂ ਕਿਸੇ ਹੋਰ ਨੂੰ ਆਪਣੀ ਥਾਂ ਤੇ ਪਰੀਖਿਆ ਵਿੱਚ ਬੈਠਣ ਲਈ ਲਿਆਉਣ ਦੀ ਕੋਸ਼ਿਸ਼ ਕਰਨੀ।
- ਪਰੀਖਿਆ ਕਮਰੇ ਵਿੱਚ ਵਿਘਨਕਾਰੀ ਵਤੀਰਾ।
- ਆਪਣੀ ਉੱਤਰ ਪੁਸਤਿਕਾ ਵਿੱਚ ਅੱਖੜ, ਬਦਜ਼ੁਬਾਨ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਜਾਂ ਚਿੱਤਰਾਂ ਦੀ ਵਰਤੋਂ ਕਰਨਾ।
- ਕਿਸੇ ਹੋਰ ਪਰੀਖਿਆਰਥੀ ਤੋਂ ਨਕਲ ਕਰਨਾ।
- ਮਿਲੀ-ਭੁਗਤ – ਵਿਅਕਤੀਗਤ ਕੰਮ ਵਿੱਚ ਹੋਰਾਂ ਪਰੀਖਿਆਰਥੀਆਂ ਨਾਲ ਕੰਮ ਕਰਨਾ ਜੋ ਕਿ ਤੁਹਾਡਾ ਆਪਣਾ ਕੰਮ ਹੋਣਾ ਚਾਹੀਦਾ ਸੀ।
- ਸਾਹਿਤਕ-ਚੋਰੀ – ਉਚਿਤ ਢੰਗ ਨਾਲ ਸ੍ਰੋਤਾਂ ਨੂੰ ਸਵੀਕਾਰ ਕਰਨ ਵਿੱਚ ਅਸਫਲ ਹੋਣਾ ਅਤੇ/ਜਾਂ ਕਿਸੇ ਹੋਰ ਦੇ ਕੰਮ ਨੂੰ ਇੰਝ ਪੇਸ਼ ਕਰਨਾ ਜਿਵੇਂ ਕਿ ਉਹ ਤੁਹਾਡਾ ਆਪਣਾ ਹੀ ਕੰਮ ਹੋਵੇ।

## ਪ੍ਰਸ਼ਨ ਪੇਪਰ ਅਤੇ ਉੱਤਰ ਪੁਸਤਕਾਵਾਂ

ਆਪਣੇ ਪ੍ਰਸ਼ਨ ਪੇਪਰ ਦੇ ਮੂਹਰੇ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਪੜ੍ਹਨਾ ਜ਼ਰੂਰੀ ਹੈ। ਯਕੀਨੀ ਬਣਾਓ ਕਿ ਤੁਸੀਂ ਇਹਨਾਂ ਦੀ ਧਿਆਨ ਨਾਲ ਪਾਲਣਾ ਕਰਦੇ ਹੋ।

ਕਝ ਪਰੀਖਿਆਵਾਂ ਵਿੱਚ, ਤੁਹਾਨੂੰ ਇੱਕ ਵੱਖਰਾ ਪ੍ਰਸ਼ਨ ਪੇਪਰ ਅਤੇ ਉੱਤਰ ਪੁਸਤਿਕਾ ਮਿਲੇਗੀ। ਜੇਕਰ ਤੁਹਾਨੂੰ ਵਾਧੂ ਕਾਗਜ਼ ਦੀ ਲੋੜ ਹੈ, ਤਾਂ ਨਿਰੀਖਕ ਨੂੰ ਪੁੱਛੋ। ਕੁਝ ਵਿਸ਼ਿਆਂ 'ਚ, ਉੱਤਰ ਪੁਸਤਿਕਾ ਦੇ ਅੰਤ ਵਿੱਚ ਵਾਧੂ ਪੰਨੇ ਜਾਂ ਗ੍ਰਾਫ਼ ਪੇਪਰ ਮੁਹੱਈਆ ਕੀਤੇ ਜਾ ਸਕਦੇ ਹਨ।

ਤੁਹਾਨੂੰ ਆਪਣੇ ਪ੍ਰਸ਼ਨ ਪੇਪਰ ਜਾਂ ਉੱਤਰ ਪੁਸਤਿਕਾ ਦੇ ਮੂਹਰੇ ਆਪਣੇ ਵੇਰਵਿਆਂ ਨੂੰ ਲਾਜ਼ਮੀ ਤੌਰ 'ਤੇ ਸਪਸ਼ਟ ਢੰਗ ਨਾਲ ਪੂਰਾ ਕਰਨਾ ਚਾਹੀਦਾ ਹੈ। ਜੇਕਰ ਵਾਧੂ ਕਾਗਜ਼ ਦੀ ਵਰਤੋਂ ਕਰ ਰਹੇ ਹੋ, ਤਾਂ ਹਰੇਕ ਪੰਨੇ ਉੱਤੇ ਆਪਣਾ ਨਾਮ, SCN, ਅਤੇ ਸਕੂਲ ਜਾਂ ਕਾਲਜ ਲਿਖਣਾ ਯਾਦ ਰੱਖੋ ਅਤੇ ਇਹਨਾਂ ਨੂੰ ਆਪਣੀ ਉੱਤਰ ਪੁਸਤਿਕਾ ਦੇ ਅੰਦਰ ਪਾਓ।

ਪ੍ਰਸ਼ਨ ਪੇਪਰ ਵਿੱਚ ਜਿੰਨ੍ਹਾਂ ਪੰਨਿਆਂ ਉੱਤੇ ਕੋਈ ਪ੍ਰਸ਼ਨ ਜਾਂ ਹਿਦਾਇਤਾਂ ਨਹੀਂ ਲਿਖੀਆਂ ਹੋਣਗੀਆਂ, ਉਹਨਾਂ ਉੱਪਰ BLANK PAGE (ਖਾਲੀ ਪੰਨਾ) ਲਿਖਿਆ ਹੋਵੇਗਾ। ਕੋਈ ਵੀ ਪੰਨਾ ਪੂਰੀ ਤਰ੍ਹਾਂ ਖਾਲੀ ਨਹੀਂ ਹੋਣਾ ਚਾਹੀਦਾ।

ਆਪਣੇ ਪ੍ਰਸ਼ਨ ਪੇਪਰ ਦੇ ਵਿੱਚੋਂ ਦੀ ਕੰਮ ਕਰੋ ਜਦੋਂ ਤੱਕ ਤੁਸੀਂ END OF QUESTION PAPER (ਪ੍ਰਸ਼ਨ ਪੇਪਰ ਦੀ ਸਮਾਪਤੀ) ਕਥਨ ਨਹੀਂ ਦੇਖਦੇ। ਇਸ ਤੋਂ ਬਾਅਦ ਹੋਰ ਕੁਝ ਨਹੀਂ ਹੋਵੇਗਾ ਜਿਸ ਨੂੰ ਤੁਹਾਨੂੰ ਪੜ੍ਹਨ ਦੀ ਜਾਂ ਉੱਤਰ ਦੇਣ ਦੀ ਲੋੜ ਹੈ। ਜੇਕਰ ਤੁਸੀਂ ਇਸ ਕਥਨ ਤੋਂ ਪਹਿਲਾਂ ਕੋਈ ਵੀ ਪੰਨਾ ਦੇਖਦੇ ਹੋ ਜੋ ਕਿ ਪੂਰੀ ਤਰ੍ਹਾਂ ਖ਼ਾਲੀ ਹੈ, ਤਾਂ ਇਸ ਨੂੰ ਨਿਰੀਖਕ ਦੇ ਧਿਆਨ ਵਿੱਚ ਲਿਆਓ।

ਇਸ ਤੋਂ ਬਾਅਦ ਕੋਈ ਵੀ ਕਥਨ ਕਾਪੀਰਾਈਟ ਨਾਲ ਸੰਬੰਧਿਤ ਹੈ। ਤੁਹਾਨੂੰ ਇਹਨਾਂ ਨੂੰ ਪੜ੍ਹਨ ਦੀ ਲੋੜ ਨਹੀਂ ਹੈ।

### ਆਪਣੇ ਉੱਤਰ ਲਿਖਣਾ

ਤੁਹਾਨੂੰ ਕਾਲੀ ਜਾਂ ਨੀਲੀ ਸਿਆਹੀ ਵਾਲਾ ਪੈੱਨ ਵਰਤਣਾ ਚਾਹੀਦਾ ਹੈ। **ਜੈੱਲ ਪੈੱਨਾਂ ਦੀ ਵਰਤੋਂ ਨਾ ਕਰੋ** – ਇਹ ਕਦੇ-ਕਦਾਈਂ ਤੁਹਾਡੇ ਉੱਤਰਾਂ ਦੇ ਫਿੱਕੇ ਪੈ ਜਾਣ ਦਾ ਕਾਰਨ ਬਣ ਸਕਦੇ ਹਨ।

ਇਹ ਅਹਿਮ ਹੈ ਕਿ ਤੁਸੀਂ ਸਪਸ਼ਟ ਢੰਗ ਨਾਲ ਲਿਖੋ। ਅੰਕਕ (ਪਰੀਖਿਆ ਚੈੱਕ ਕਰਨ ਵਾਲੇ) ਤੁਹਾਡਾ ਕੰਮ ਪੜ੍ਹਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ, ਪਰ ਜੇਕਰ ਤੁਹਾਡੀ ਲਿਖਾਈ ਪੜ੍ਹਨੀ ਔਖੀ ਹੈ, ਤਾਂ ਹੋ ਸਕਦਾ ਹੈ ਕਿ ਉਹ ਤੁਹਾਨੂੰ ਅੰਕ ਨਾ ਦੇ ਸਕਣ।

ਬਿਨਾਂ ਲਾਈਨਾਂ ਵਾਲੀਆਂ ਉੱਤਰ ਪੁਸਤਕਾਵਾਂ ਤੇ ਲਿਖਦੇ ਹੋਏ, ਲਾਈਨਾਂ ਵਿਚਕਾਰ ਲਗਭਗ 1 cm (ਸੈਂਟੀਮੀਟਰ) ਦੀ ਜਗ੍ਹਾ ਛੱਡਣ ਦੀ ਕੋਸ਼ਿਸ਼ ਕਰੋ।

ਕੁਝ ਵਿਸ਼ਿਆਂ ਵਿੱਚ, ਗ਼ਲਤ ਸ਼ਬਦ-ਜੋੜਾਂ ਅਤੇ ਵਿਸ਼ਰਾਮ ਚਿਨ੍ਹਾਂ ਦੇ ਨਤੀਜੇ ਵੱਜੋਂ ਵੀ ਅੰਕ ਨਹੀਂ ਦਿੱਤੇ ਜਾ ਸਕਦੇ। ਜੇਕਰ ਇਸ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਆਪਣੇ ਅਧਿਆਪਕ ਜਾਂ ਲੈਕਚਰਾਰ ਨਾਲ ਗੱਲ ਕਰਨੀ ਚਾਹੀਦੀ ਹੈ।

ਜੇਕਰ ਤੁਸੀਂ ਕਿਸੇ ਪ੍ਰਸ਼ਨ ਲਈ ਇੱਕ ਤੋਂ ਵੱਧ ਉੱਤਰ ਦਿੰਦੇ ਹੋ, ਤਾਂ ਕੱਚੇ ਕੰਮ ਜਾਂ ਅਣਚਾਹੇ ਉੱਤਰਾਂ ਉੱਪਰ ਕਾਟਾ ਮਾਰਨਾ ਯਾਦ ਰੱਖੋ।

### ਮਲਕੀਅਤ ਅਤੇ ਕਾਪੀਰਾਈਟ

ਜਦੋਂ ਤੁਸੀਂ, ਜਾਂ ਤੁਹਾਡਾ ਸਕੂਲ ਜਾਂ ਕਾਲਜ, SQA ਨੂੰ ਪਰੀਖਿਆ ਸਮਗਰੀਆਂ ਜਿਵੇਂ ਕਿ ਉੱਤਰ ਪੁਸਤਕਾਵਾਂ ਜਮਾਂ ਕਰਦੇ ਹੋ, ਤਾਂ ਤੁਸੀਂ ਮੰਨ ਰਹੇ ਹੋ ਕਿ:

- ਇਹ SQA ਦੀ ਫਿਜ਼ਿਕਲ ਪ੍ਰਾਪਰਟੀ (ਭੌਤਿਕ ਸੰਪਤੀ) ਬਣ ਜਾਣਗੇ
- SQA ਇਹਨਾਂ ਸਮਗਰੀਆਂ ਨੂੰ ਅਧਿਆਪਨ ਦੇ ਮੰਤਵਾਂ ਲਈ ਵਰਤ ਸਕਦਾ ਹੈ

SQA ਤੁਹਾਡੇ ਨਾਮ, SCN ਜਾਂ ਕਿਸੇ ਹੋਰ ਪਛਾਣ ਕਰਨ ਵਾਲੇ ਵੇਰਵਿਆਂ ਨੂੰ ਪ੍ਰਗਟ ਨਹੀਂ ਕਰੇਗਾ।

### ਪਰੀਖਿਆ ਕਮਰੇ ਤੋਂ ਬਾਹਰ ਨਿਕਲਨਾ

ਜੇਕਰ ਤੁਸੀਂ ਜਲਦੀ ਖ਼ਤਮ ਕਰ ਲੈਂਦੇ ਹੋ ਜਾਂ ਜਿੰਨਾਂ ਪੇਪਰ ਤੁਸੀਂ ਕਰ ਸਕਦੇ ਹੋ, ਓਨਾ ਕਰ ਲਿਆ ਹੈ, ਤਾਂ ਤੁਸੀਂ ਨਿਰੀਖਕ ਨੂੰ ਉੱਥੋਂ ਜਾਣ ਦੀ ਇਜਾਜ਼ਤ ਲਈ ਪੁੱਛ ਸਕਦੇ ਹੋ। ਜੇਕਰ ਪਰੀਖਿਆ ਇੱਕ ਘੰਟੇ ਤੋਂ ਵੱਧ ਸਮੇਂ ਦੀ ਹੈ, ਤਾਂ ਉਹ ਤੁਹਾਨੂੰ 30 ਮਿੰਟਾਂ ਬਾਅਦ ਜਾਣ ਦੀ ਆਗਿਆ ਦੇ ਸਕਦੇ ਹਨ, ਜਾਂ ਜੇਕਰ ਪਰੀਖਿਆ ਇੱਕ ਘੰਟੇ ਦੀ ਜਾਂ ਘੱਟ ਦੀ ਹੈ 20 ਮਿੰਟਾਂ ਦੇ ਬਾਅਦ ਅਜਿਹਾ ਕਰਨ ਦੇ ਸਕਦੇ ਹਨ।

ਤੁਹਾਨੂੰ ਜਾਣ ਤੋਂ ਪਹਿਲਾਂ ਆਪਣੀ ਉੱਤਰ ਪੁਸਤਿਕਾ, ਪ੍ਰਸ਼ਨ ਪੇਪਰ ਅਤੇ ਕੋਈ ਵੀ ਡਾਟਾ ਪੁਸਤਕਾਵਾਂ ਨਿਰੀਖਕ ਨੂੰ ਦੇਣੀਆਂ ਚਾਹੀਦੀਆਂ ਹਨ। ਜੇਕਰ ਤੁਸੀਂ ਨਹੀਂ ਦਿੰਦੇ, ਤਾਂ ਤੁਸੀਂ ਸੰਬੰਧਿਤ ਪੇਪਰ ਲਈ ਸਾਰੇ ਅੰਕ ਗੁਆ ਸਕਦੇ ਹੋ।

## ਤੁਹਾਡੇ ਨਤੀਜੇ

### ਨੰਬਰ ਦੇਣਾ

ਅੰਕਕ ਉਹ ਅਧਿਆਪਕ ਅਤੇ ਲੈਕਚਰਾਰ ਹਨ ਜੋ ਆਪਣੇ ਤਜਰਬੇ ਅਤੇ ਵਿਸ਼ੇ ਦੀ ਮਹਾਰਤ ਦੇ ਆਧਾਰ ਤੇ SQA ਵੱਲੋਂ ਧਿਆਨ ਨਾਲ ਚੁਣੇ ਗਏ ਹੁੰਦੇ ਹਨ। ਸਾਰੇ ਅੰਕਕਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹਨਾਂ ਤੇ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਜੋ ਉਹ ਸਾਰੇ ਪਰੀਖਿਆਰਥੀਆਂ ਲਈ ਨਿਰਪੱਖ ਢੰਗ ਨਾਲ ਅਤੇ ਇਕਸਾਰਤਾ ਨਾਲ ਨੰਬਰ ਲਗਾਉਣ।

### ਨੰਬਰ ਦੇਣ ਤੋਂ ਬਾਅਦ

ਇੱਕ ਵਾਰ ਜਦੋਂ ਨੰਬਰ ਦੇ ਦਿੱਤੇ ਜਾਂਦੇ ਹਨ ਤਾਂ, ਤੁਹਾਡੀ ਪਰੀਖਿਆ ਦੇ ਨੰਬਰਾਂ ਕਿਸੇ ਕੋਰਸਵਰਕ ਨੰਬਰਾਂ ਨਾਲ ਜਾਂ ਤੁਹਾਡੇ ਕੋਰਸ ਦੇ ਹੋਰ ਭਾਗਾਂ, ਜਿਵੇਂ ਕਿ ਕਾਰਗੁਜ਼ਾਰੀ ਜਾਂ ਮੌਖ਼ਿਕ ਪਰੀਖਿਆਵਾਂ ਦੇ ਨੰਬਰਾਂ ਨਾਲ ਜੋੜੇ ਜਾਣਗੇ। ਇਹ ਸਾਰੇ ਨੰਬਰ ਤੁਹਾਡੇ ਸਮੁੱਚੇ ਗ੍ਰੇਡ ਲਈ ਯੋਗਦਾਨ ਪਾਉਂਦੇ ਹਨ।

SQA ਨੂੰ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਵੱਖ-ਵੱਖ ਸਾਲਾਂ ਵਿੱਚ ਇੱਕੋ ਜਿਹਾ ਨਤੀਜਾ ਮਿਲਣਾ ਸੌਖਾ ਜਾਂ ਔਖਾ ਨਹੀਂ ਹੈ। ਸਾਡਾ ਇਸ ਨੂੰ ਆਪਣੇ ਵੱਲੋਂ ਕਰਨ ਦਾ ਇੱਕ ਤਰੀਕਾ ਗ੍ਰੇਡ ਸੀਮਾ ਮੁਲਾਕਾਤਾਂ ਰਾਹੀਂ ਹੈ। ਹਰ ਸਾਲ, ਨੰਬਰ ਦੇਣ ਤੋਂ ਬਾਅਦ, ਹਰੇਕ ਸਕੂਲ ਅਤੇ ਕਾਲਜ ਤੋਂ ਸਾਰੇ ਪਰੀਖਿਆਰਥੀਆਂ ਦੇ ਨਤੀਜਿਆਂ ਦਾ ਇਹਨਾਂ ਮੁਲਾਕਾਤਾਂ ਵਿੱਚ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਫਿਰ ਇਹ ਤੈਅ ਕੀਤਾ ਜਾਂਦਾ ਹੈ ਕਿ A,B,C ਜਾਂ D ਪ੍ਰਾਪਤ ਕਰਨ ਲਈ ਘੱਟੋ-ਘੱਟ ਨੰਬਰ ਕਿੰਨੇ ਹੋਣਗੇ।

ਫਿਰ ਤੁਹਾਡੇ ਪ੍ਰਮਾਣ-ਪੱਤਰ ਨੂੰ ਪ੍ਰਿੰਟ ਅਤੇ ਪੋਸਟ ਕੀਤਾ ਜਾਂਦਾ ਹੈ।

### ਆਪਣੇ ਨਤੀਜੇ ਪ੍ਰਾਪਤ ਕਰਨਾ

ਤੁਸੀਂ ਆਪਣਾ ਪ੍ਰਮਾਣ-ਪੱਤਰ ਮੰਗਲਵਾਰ 8 ਅਗਸਤ ਨੂੰ ਪ੍ਰਾਪਤ ਕਰੋਗੇ।

ਤੁਹਾਡਾ ਸਕੂਲ ਜਾਂ ਕਾਲਜ ਵੀ ਤੁਹਾਡੇ ਨਤੀਜੇ ਪ੍ਰਾਪਤ ਕਰੇਗਾ। ਜੇਕਰ ਤੁਸੀਂ ਯੂਨੀਵਰਸਿਟੀ ਜਾਂ ਕਾਲਜ ਵਿੱਚ ਜਾ ਰਹੇ ਹੋ, ਤਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਦਾਖ਼ਲਾ ਸੇਵਾ (UCAS) ਵੀ ਤੁਹਾਡੇ ਨਤੀਜੇ ਪ੍ਰਾਪਤ ਕਰੇਗੀ।

ਜੇਕਰ ਤੁਹਾਨੂੰ ਮੰਗਲਵਾਰ 8 ਅਗਸਤ ਨੂੰ ਆਪਣਾ ਪ੍ਰਮਾਣ-ਪੱਤਰ ਨਹੀਂ ਮਿਲਦਾ, ਤਾਂ ਤੁਹਾਨੂੰ ਤੁਰੰਤ ਆਪਣੇ ਸਕੂਲ ਜਾਂ ਕਾਲਜ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਤੁਹਾਡੇ ਨਤੀਜੇ ਦੱਸ ਸਕਣਗੇ ਅਤੇ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਪ੍ਰਮਾਣ-ਪੱਤਰ ਦਾ ਕੀ ਬਣਿਆ ਹੈ, ਸਾਡੇ ਨਾਲ ਕੰਮ ਕਰ ਸਕਣਗੇ।

### MySQA

MySQA ਤੁਹਾਨੂੰ ਤੁਹਾਡੇ ਨਤੀਜਿਆਂ ਵਾਸਤੇ ਸੁਰੱਖਿਅਤ ਆਨਲਾਈਨ ਪਹੁੰਚ ਦਿੰਦਾ ਹੈ। ਤੁਸੀਂ ਆਪਣੇ ਨਤੀਜਿਆਂ ਨੂੰ ਮੰਗਲਵਾਰ 8 ਅਗਸਤ ਨੂੰ ਸਵੇਰੇ 8 ਵਜੇ ਤੋਂ ਆਪਣੇ ਕਾਗਜ਼ੀ ਪ੍ਰਮਾਣ-ਪੱਤਰ ਦੇ ਸਮੇਤ ਟੈਕਸਟ ਜਾਂ ਈਮੇਲ ਦੁਆਰਾ ਪ੍ਰਾਪਤ ਕਰਨ ਦੀ ਚੋਣ ਵੀ ਕਰ ਸਕਦੇ ਹੋ।

ਆਪਣੇ ਨਤੀਜਿਆਂ ਨੂੰ ਟੈਕਸਟ ਜਾਂ ਈਮੇਲ ਰਾਹੀਂ ਪ੍ਰਾਪਤ ਕਰਨ ਲਈ, ਤੁਹਾਨੂੰ 18 ਜੁਲਾਈ ਨੂੰ ਬਾਅਦ ਦੁਪਹਿਰ 5 ਵਜੇ ਤੱਕ www.mysqa.org.uk 'ਤੇ ਸਾਈਨ ਅੱਪ ਕਰਨ ਦੀ, ਅਤੇ 20 ਜੁਲਾਈ ਨੂੰ ਬਾਅਦ ਦੁਪਹਿਰ 5 ਵਜੇ ਤੱਕ ਆਪਣਾ ਅਕਾਊਂਟ ਚਾਲੂ ਕਰਨ ਦੀ ਲੋੜ ਹੋਵੇਗੀ।

**ਸਹਾਇਤਾ**

www.sqa.org.uk/certificate 'ਤੇ ਤੁਹਾਡੇ ਪ੍ਰਮਾਣ-ਪੱਤਰ ਨੂੰ ਸਮਝਣ ਵਿੱਚ ਮਦਦ ਕਰਨ ਲਈ ਲਾਭਦਾਇਕ ਵਿਡਿਓਜ਼ ਹਨ। ਜੇਕਰ ਤੁਹਾਨੂੰ ਆਪਣਾ ਪ੍ਰਮਾਣ-ਪੱਤਰ ਸਮਝ ਨਹੀਂ ਆਉਂਦਾ ਜਾਂ ਤੁਹਾਨੂੰ ਲੱਗਦਾ ਹੈ ਕਿ ਕੁਝ ਗ਼ਲਤ ਹੈ, ਤਾਂ ਮਦਦ ਲਈ ਆਪਣੇ ਸਕੂਲ ਜਾਂ ਆਪਣੇ ਕਾਲਜ ਦੇ ਵਿਦਿਆਰਥੀ ਰਿਕਾਰਡ ਵਿਭਾਗ ਨਾਲ ਸੰਪਰਕ ਕਰੋ।

ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਉੱਤਰ ਸਾਡੀ ਵੈੱਬਸਾਈਟ ਉੱਪਰ www.sqa.org.uk/faqs 'ਤੇ ਉਪਲਬਧ ਹਨ, ਜਾਂ ਤੁਸੀਂ ਸਾਡੇ ਨਾਲ www.sqa.org.uk/candidateenquiryform 'ਤੇ ਪਰੀਖਿਆਰਥੀ ਜਾਂਚ ਫਾਰਮ ਭਰਨ ਤੋਂ ਬਾਅਦ ਸੰਪਰਕ ਕਰ ਸਕਦੇ ਹੋ।

SQA ਦੀ ਪਰੀਖਿਆਰਥੀ ਸਲਾਹ ਲਾਈਨ ਵੀ ਮੰਗਲਵਾਰ 8 ਅਗਸਤ ਤੋਂ ਸ਼ੁੱਕਰਵਾਰ 11 ਅਗਸਤ ਤੱਕ ਮਦਦ ਕਰਨ ਦੇ ਯੋਗ ਹੋਵੇਗੀ। ਫ਼ੋਨ ਨੰਬਰ ਤੁਹਾਡੇ ਪ੍ਰਮਾਣ-ਪੱਤਰ ਦੇ ਨਾਲ ਮਿਲਣ ਵਾਲੇ ਪੱਤਰ ਉੱਤੇ ਹੋਵੇਗਾ।

**ਨਤੀਜਿਆਂ ਸਬੰਧੀ ਸੇਵਾਵਾਂ**

ਨਤੀਜਿਆਂ ਦੀਆਂ ਸੇਵਾਵਾਂ ਦੇ ਦੋ ਭਾਗ ਹੁੰਦੇ ਹਨ.

1 ਅਸਧਾਰਨ ਸਥਿਤੀਆਂ ਬਾਰੇ ਵਿਚਾਰ ਕਰਨ ਸਬੰਧੀ ਸੇਵਾ

ਇਹ ਸੇਵਾ ਪਰੀਖਿਆ ਦੇ ਨਤੀਜੇ ਭੇਜੇ ਜਾਣ ਤੋਂ **ਪਹਿਲਾਂ** ਕੰਮ ਕਰਦੀ ਹੈ। ਇਹ ਉਹਨਾਂ ਪਰੀਖਿਆਰਥੀਆਂ ਨੂੰ ਸਹਾਰਾ ਦਿੰਦੀ ਹੈ ਜੋ ਸਮਾਂ ਸਾਰਨੀ ਦੇ ਅਨੁਸਾਰ ਪਰੀਖਿਆ ਨਹੀਂ ਦੇ ਸਕੇ, ਜਾਂ ਜੋ ਪਰੀਖਿਆ ਵਿੱਚ ਤਾਂ ਬੈਠਣ ਦੇ ਯੋਗ ਸਨ ਪਰ ਉਹਨਾਂ ਦਾ ਪ੍ਰਦਰਸ਼ਨ ਅੱਪਵਾਦੀ ਹਾਲਾਤਾਂ ਦੇ ਕਾਰਨ ਪ੍ਰਭਾਵਿਤ ਹੋ ਗਿਆ। ਅੱਪਵਾਦੀ ਹਾਲਾਤਾਂ ਵਿੱਚ ਸੋਗ ਅਤੇ ਗੰਭੀਰ ਬਿਮਾਰੀ ਸ਼ਾਮਲ ਹਨ। ਮਾਮੂਲੀ ਬਿਮਾਰੀਆਂ ਅੱਪਵਾਦੀ ਹਾਲਾਤ ਨਹੀਂ ਸਮਝੀਆਂ ਜਾਂਦੀਆਂ।

2 ਨਤੀਜਿਆਂ ਤੋਂ ਬਾਅਦ ਦੀਆਂ ਸੇਵਾਵਾਂ

ਇਹ ਸੇਵਾ ਪਰੀਖਿਆ ਦੇ ਨਤੀਜਿਆਂ ਨੂੰ ਭੇਜੇ ਜਾਣ ਤੋਂ **ਬਾਅਦ** ਕੰਮ ਕਰਦੀ ਹੈ। ਜੇਕਰ ਤੁਹਾਡੇ ਸਕੂਲ ਜਾਂ ਕਾਲਜ ਨੂੰ ਤੁਹਾਡੇ ਗ੍ਰੇਡ ਬਾਰੇ ਚਿੰਤਾ ਹੈ, ਤਾਂ ਉਹ ਇੱਕ ਦਫ਼ਤਰੀ ਨਿਰੀਖਣ (ਦਫ਼ਤਰੀ ਨਿਰੀਖਣ) ਅਤੇ/ਜਾਂ ਅੰਕਣ ਪੁਨਰ ਨਿਰੀਖਣ (ਅੰਕਣ ਪੁਨਰ ਨਿਰੀਖਣ) ਲਈ ਬੇਨਤੀ ਕਰ ਸਕਦੇ ਹਨ। ਜੇਕਰ ਤੁਸੀਂ ਚਾਹੁੰਦੇ ਹੋ ਕਿ ਨਤੀਜੇ ਨਾਲ ਯੂਨੀਵਰਸਿਟੀ ਜਾਂ ਕਾਲਜ ਵਿੱਚ ਸ਼ਰਤ ਮੁਤਾਬਕ ਜਗ੍ਹਾ ਮਿਲੇ, ਤਾਂ ਤਰਜੀਹੀ ਮਾਰਕਿੰਗ ਲਈ ਪੁਨਰ-ਨਿਰੀਖਣ ਲਈ ਬੇਨਤੀ ਕੀਤੀ ਜਾ ਸਕਦੀ ਹੈ ।

ਸਿਰਫ਼ ਸਕੂਲ ਅਤੇ ਕਾਲਜ ਹੀ ਇਹਨਾਂ ਸੇਵਾਵਾਂ ਲਈ ਬੇਨਤੀ ਕਰ ਸਕਦੇ ਹਨ। SQA ਪਰੀਖਿਆਰਥੀਆਂ, ਮਾਤਾ-ਪਿਤਾ, ਦੇਖਭਾਲਕਰਤਾਵਾਂ ਜਾਂ ਹੋਰ ਤੀਜੇ ਪੱਖਾਂ ਤੋਂ ਬੇਨਤੀਆਂ ਸਵੀਕਾਰ ਨਹੀਂ ਕਰੇਗਾ।

ਤੁਸੀਂ ਨਤੀਜਿਆਂ ਸੰਬੰਧਿਤ ਸੇਵਾਵਾਂ ਬਾਰੇ www.sqa.org.uk/resultsservices 'ਤੇ ਹੋਰ ਜਾਣ ਸਕਦੇ ਹੋ।

ਯਾਦ ਰੱਖੋ:

- ✓ ਸਮੇਂ ਸਿਰ ਪਹੁੰਚੋ - ਘੱਟੋ-ਘੱਟ ਪਰੀਖਿਆ ਸ਼ੁਰੂ ਹੋਣ ਤੋਂ ਲਗਭਗ 10 ਮਿੰਟ ਪਹਿਲਾ
- ✓ ਠੀਕ ਉਪਕਰਣ ਲਓ – ਕਾਲੇ ਜਾਂ ਨੀਲੇ ਰੰਗ ਦਾ ਸਿਆਹੀ ਵਾਲਾ ਪੈੱਨ, ਆਦਿ
- ✓ ਇਹ ਜਾਂਚ ਲਵੋ ਕਿ ਤੁਹਾਨੂੰ ਠੀਕ ਪ੍ਰਸ਼ਨ ਪੱਤਰ ਦਿੱਤਾ ਗਿਆ ਹੈ
- ✓ ਤੁਸੀਂ ਦਿੱਤੇ ਗਏ ਕੰਮ ਦੇ ਹਰੇਕ ਹਿੱਸੇ ਉੱਪਰ ਆਪਣਾ ਨਾਮ, SCN ਅਤੇ ਸਕੂਲ ਜਾਂ ਕਾਲਜ ਦਾ ਨਾਮ ਪਾਓ
- ✓ ਸਪਸ਼ਟ ਲਿਖੋ
- ✓ ਸਾਰੀਆਂ ਹਿਦਾਇਤਾਂ ਪੜ੍ਹੋ ਅਤੇ ਪਰੀਖਿਆ ਨਿਗਰਾਨ ( Invigilator) ਦੁਆਰਾ ਕੀਤੀਆਂ ਗਈਆਂ ਕਿਸੇ ਵੀ ਘੋਸ਼ਣਾਵਾਂ ਨੂੰ ਧਿਆਨਪੂਰਵਕ ਸੁਣੋ
- ✓ ਕੋਈ ਵੀ ਕੱਚਾ ਕੰਮ ਜੋ ਕਿ ਤੁਹਾਡੇ ਉੱਤਰ ਦਾ ਹਿੱਸਾ ਨਹੀਂ ਹੈ , ਦੇ ਉੱਪਰ ਕਾਟਾ ਮਾਰੋ
- ✓ ਪਰੀਖਿਆ ਖ਼ਤਮ ਹੋਣ ਤੱਕ ਕਮਰੇ ਵਿੱਚ ਰਹੋ – ਤੁਸੀਂ ਪਹਿਲਾਂ ਸਿਰਫ਼ ਪਰੀਖਿਆ ਨਿਗਰਾਨ ਦੀ ਇਜਾਜ਼ਤ ਨਾਲ ਹੀ ਜਾ ਸਕਦੇ ਹੋ

- ✗ ਕਿਸੇ ਵੀ ਵਰਜਿਤ ਵਸਤਾਂ ਨੂੰ ਪਰੀਖਿਆ ਕਮਰੇ ਵਿੱਚ ਨਾ ਲੈ ਕੇ ਜਾਓ
- ✗ ਵਿਘਨਕਾਰੀ ਤਰੀਕੇ ਨਾਲ ਵਿਹਵਾਰ ਨਾ ਕਰੋ ਜਾਂ ਪਰੀਖਿਆ ਕਮਰੇ ਵਿੱਚ ਖੱਪ ਨਾ ਪਾਓ
- ✗ ਕਿਸੇ ਤੋਂ ਨਕਲ ਨਾ ਕਰੋ
- ✗ ਕਿਸੇ ਨਾਲ ਆਪਣਾ ਕੰਮ ਸਾਂਝਾ ਨਾ ਕਰੋ
- ✗ ਕਿਸੇ ਹੋਰ ਦੇ ਨਾਲ ਉਪਕਰਣ ਸਾਂਝਾ ਨਾ ਕਰੋ
- ✗ ਆਪਣੇ ਉੱਤਰਾਂ ਵਿੱਚ ਅਖੱੜ, ਬਦਜ਼ੁਬਾਨ, ਅਪਮਾਨਜਨਕ ਜਾਂ ਪੱਖਪਾਤੀ ਭਾਸ਼ਾ ਜਾਂ ਤਸਵੀਰਾਂ ਦੀ ਵਰਤੋਂ ਨਾ ਕਰੋ।

ਇਸ ਨੂੰ ਕੀਤਾ ਜਾ ਸਕਦਾ ਹੈ

ਗਾਹਕ ਸੰਪਰਕ ਕੇਂਦਰ (Customer Contact Centre)
ਫੋਨ: 0345 279 1000 ਵੈਬਸਾਇਟ: www.sqa.org.uk
BD7317 ਫਰਵਰੀ 2017